# ਜਮਾਤ-ਬਾਰ੍ਹਵੀਂ
# ਪੰਜਾਬੀ ਲਾਜ਼ਮੀ
# ਅਨੁਪੂਰਕ/ਸਪਲੀਮੈਂਟਰੀ ਪਰੀਖਿਆਵਾਂ
# 2022[redacted]

ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ ਕੁੱਲ ਅੰਕ (ਲਿਖਤੀ)=80

(1) ਪ੍ਰਸ਼ਨ-ਪੱਤਰ ਦੇ 2 ਮੁੱਖ ਭਾਗ ਹੋਣਗੇ: ਭਾਗ-1 ਤੇ ਭਾਗ-2 । ਭਾਗ-1 40 ਅੰਕਾਂ ਦਾ ਅਤੇ ਭਾਗ-2 40 ਅੰਕਾਂ ਦਾ ਹੋਵੇਗਾ।

(2) ਭਾਗ-1 ਵਿੱਚ ਪ੍ਰਸ਼ਨ-ਪੱਤਰ ਦੇ ਕੁੱਲ 3 ਭਾਗ (ੳ), (ਅ) ਤੇ (ੲ) ਹੋਣਗੇ, ਜਿੰਨ੍ਹਾਂ ਵਿੱਚ ਕੁੱਲ 40 ਬਹੁ-ਵਿਕਲਪੀ ਪ੍ਰਸ਼ਨ ਹੋਣਗੇ।

(3) ਭਾਗ-1 ਦੇ ਹਰੇਕ ਪ੍ਰਸ਼ਨ ਦਾ ਸਹੀ ਉੱਤਰ ਇੱਕ ਅੰਕ ਦਾ ਹੋਵੇਗਾ।

(4) ਭਾਗ-2 ਵਿੱਚ 02 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।

(5) ਭਾਗ-2 ਵਿੱਚ ਪ੍ਰਸ਼ਨ-ਪੱਤਰ ਦੇ ਕੁੱਲ 9 ਪ੍ਰਸ਼ਨ ਹੋਣਗੇ।

(6) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

(7) ਕਿਸੇ ਵੀ ਗ਼ਲਤ ਉੱਤਰ ਦੇ ਅੰਕ ਨਹੀਂ ਕੱਟੇ ਜਾਣਗੇ।

## ਵਿਸ਼ੇਸ਼ ਹਦਾਇਤਾਂ: ਭਾਗ-1

ਪਰੀਖਿਆ ਪੱਖੋਂ ਅਧਿਆਪਕਾਂ, ਵਿਦਿਆਰਥੀਆਂ, ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

**ਭਾਗ (ੳ): ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ** **ਕੁੱਲ ਅੰਕ=8**

ਇਸ ਭਾਗ ਵਿੱਚ ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ ਨਾਲ ਸੰਬੰਧਿਤ ਅੱਠ (ਪ੍ਰਸ਼ਨ ਨੰ. 1 ਤੋਂ 8 ਤੱਕ) ਬਹੁ-ਵਿਕਲਪੀ ਪ੍ਰਸ਼ਨ ਹੋਣਗੇ। ਇਸੇ ਭਾਗ ਵਿੱਚ ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ ਨਾਲ ਸੰਬੰਧਿਤ ਪਾਠਾਂ ਵਿੱਚੋਂ ਇੱਕ ਪੈਰਾ ਦੇ ਕੇ ਪ੍ਰਸ਼ਨ ਨੰ. 1 ਤੋਂ 5 ਤੱਕ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਪੁੱਛੇ ਜਾਣਗੇ। ਪ੍ਰਸ਼ਨ ਨੰ. 6, 7 ਤੇ 8 ਲੇਖਕ, ਲੇਖਕ ਦੀ ਰਚਨਾ ਤੇ ਪਾਠ ਦੀ ਵਿਸ਼ਾ ਸਮੱਗਰੀ, ਖ਼ਾਲੀ ਥਾਂ ਭਰਨ ਨਾਲ ਸੰਬੰਧਿਤ ਹੋਣਗੇ।

**ਭਾਗ (ਅ): ਪੰਜਾਬੀ ਭਾਸ਼ਾ ਲਿਖਣ ਦਾ ਹੁਨਰ: ਕਾਰ-ਵਿਹਾਰ ਦੇ ਪੱਤਰ, ਸੰਖੇਪ-ਰਚਨਾ** **ਕੁੱਲ ਅੰਕ=16**

ਇਸ ਭਾਗ ਵਿੱਚ ਕੁੱਲ ਸੋਲਾਂ (ਪ੍ਰਸ਼ਨ ਨੰ. 9 ਤੋਂ 24) ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।ਇਸ ਭਾਗ ਦੀ ਬਹੁ-ਵਿਕਲਪੀ ਪ੍ਰਸ਼ਨਾਂ ਦੀ ਵੰਡ ਇਸ ਤਰ੍ਹਾਂ ਹੋਵੇਗੀ:

- ਕਾਰ-ਵਿਹਾਰ ਦੇ ਪੱਤਰਾਂ ਦੀ ਬਣਤਰ/ਵਿਸ਼ੇ ਨਾਲ ਸੰਬੰਧਿਤ ਤਿੰਨ (ਪ੍ਰਸ਼ਨ ਨੰ. 9 ਤੋਂ 11) ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨ ਪੁੱਛੇ ਜਾਣਗੇ।
- ਸੰਖੇਪ ਰਚਨਾ ਨਾਲ ਸੰਬੰਧਿਤ ਪਾਠ-ਪੁਸਤਕ ਵਿੱਚੋਂ ਇੱਕ ਪੈਰਾ ਦਿੱਤਾ ਜਾਵੇਗਾ, ਜਿਸ ਵਿੱਚੋਂ ਦੋ (ਪ੍ਰਸ਼ਨ ਨੰ. 12 ਤੋਂ 13 ਤੱਕ) ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ। ਉਸ ਵਿੱਚ ਕੋਈ ਦੋ ਲੰਮੇ ਵਾਕਾਂ ਦੇ ਦੋ ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਸੰਖੇਪ ਰੂਪ ਅਤੇ ਪੈਰੇ ਦਾ ਸਹੀ ਸਿਰਲੇਖ ਚੁਣਨਾ ਸ਼ਾਮਲ ਹੋਵੇਗਾ।
- ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਵਿੱਚੋ ਸ਼ਬਦ-ਕੋਸ਼ ਤਰਤੀਬ ਨਾਲ ਸੰਬੰਧਿਤ ਦੋ (ਪ੍ਰਸ਼ਨ ਨੰ. 14 ਤੋਂ 15 ਤੱਕ) ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।
- ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਵਿੱਚੋ ਤਿੰਨ (ਪ੍ਰਸ਼ਨ ਨੰ. 16, 17 ਤੇ 18 ਤੱਕ) ਬਹੁ-ਵਿਕਲਪੀ ਪ੍ਰਸ਼ਨ ਵਾਕ-ਰੂਪਾਂਤਰਨ/ਵਾਕ-ਵਟਾਂਦਰੇ ਨਾਲ ਸੰਬੰਧਿਤ ਪੁੱਛੇ ਜਾਣਗੇ।
- ਪਾਠ-ਪੁਸਤਕ ਵਿੱਚੋਂ ਅਖਾਉਤਾਂ ਦੇ ਅਰਥਾਂ, ਅਧੂਰੀ ਅਖਾਉਤ ਪੂਰੀ ਕਰਨੀ ਅਤੇ ਵਰਤੋਂ ਦੀਆਂ ਸਥਿਤੀਆਂ ਦੱਸਣ ਨਾਲ ਸੰਬੰਧਿਤ ਛੇ (ਪ੍ਰਸ਼ਨ ਨੰ. 19 ਤੋਂ 24 ਤੱਕ) ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।

**ਭਾਗ (ੲ): ਪੰਜਾਬੀ ਸਾਹਿਤ:ਕਵਿਤਾਵਾਂ** **ਕੁੱਲ ਅੰਕ=7**

ਪਾਠ-ਪੁਸਤਕ ਵਿੱਚੋਂ ਕਵਿਤਾਵਾਂ ਦੇ ਕੇਂਦਰੀ ਭਾਵ, ਕਵੀ/ਕਵਿਤਾ ਦੀ ਜਾਣਕਾਰੀ, ਕਵਿਤਾ ਦਾ ਕਵੀ/ਕਵੀ ਦੀ ਰਚਨਾ ਨਾਲ ਸੰਬੰਧਿਤ **ਸੱਤ** (ਪ੍ਰਸ਼ਨ ਨੰ. 25 ਤੋਂ 31 ਤੱਕ) ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।

ਭਾਗ (ਸ): **ਪੰਜਾਬੀ ਸਾਹਿਤ:ਕਹਾਣੀਆਂ** **ਕੁੱਲ ਅੰਕ=9**

ਪਾਠ-ਪੁਸਤਕ ਵਿੱਚੋਂ ਕਹਾਣੀਆਂ ਦੇ ਕਹਾਣੀਕਾਰ ਦੇ ਨਾਂ, ਪਾਤਰਾਂ, ਘਟਨਾਵਾਂ ਤੇ ਵਿਸ਼ੇ ਨਾਲ ਸੰਬੰਧਿਤ **ਨੌਂ** (ਪ੍ਰਸ਼ਨ ਨੰ. 32 ਤੋਂ 40 ਤੱਕ) ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।

## ਵਿਸ਼ੇਸ਼ ਹਦਾਇਤਾਂ: ਭਾਗ-2

ਪਰੀਖਿਆ ਪੱਖੋਂ ਅਧਿਆਪਕਾਂ, ਵਿਦਿਆਰਥੀਆਂ, ਪੇਪਰ-ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

**ਪ੍ਰਸ਼ਨ ਨੰ: 1** ਇਹ ਪ੍ਰਸ਼ਨ **ਸੁੰਦਰ ਲਿਖਾਈ** ਦੇ ਅੰਕਾਂ ਲਈ ਰਾਖਵਾਂ ਹੋਵੇਗਾ। 2 ਅੰਕ

**ਪ੍ਰਸ਼ਨ ਨੰ: 2 ਵਸਤੂਨਿਸ਼ਠ ਪ੍ਰਸ਼ਨ:**

(ੳ) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲੇ ਦੋ ਪ੍ਰਸ਼ਨ 2*1=2 ਅੰਕ

(ਅ) ਸਹੀ/ਗ਼ਲਤ ਵਾਲੇ 2 ਕਥਨ 2*1=2 ਅੰਕ

(ਸ) ਖ਼ਾਲੀ ਥਾਵਾਂ ਭਰੋ ਦਾ ਇੱਕ ਕਥਨ (ਦੋ ਆਪਸ਼ਨਾਂ ਸਮੇਤ) 1*1= 1 ਅੰਕ

ਇਹ ਵਸਤੂਨਿਸ਼ਠ ਪ੍ਰਸ਼ਨ ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ, ਕਹਾਣੀਆਂ ਅਤੇ ਕਵਿਤਾਵਾਂ ਵਿੱਚੋਂ ਲਗ-ਪਗ ਲੋੜੀਂਦੇ ਅਨੁਪਾਤ ਅਨੁਸਾਰ ਹੋਣ।

**ਪ੍ਰਸ਼ਨ ਨੰ: 3** ਲਾਜ਼ਮੀ ਪੰਜਾਬੀ-12 ਦੇ ਸੱਭਿਆਚਾਰ-ਭਾਗ ਦੇ ਪਾਠਾਂ ਦੇ ਅਭਿਆਸਾਂ ਵਿੱਚੋਂ ਪੰਜ ਪ੍ਰਸ਼ਨ ਪੁੱਛ ਕੇ ਕਿਸੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 2*3=06 ਅੰਕ

**ਪ੍ਰਸ਼ਨ ਨੰ:4** ਕਾਰ-ਵਿਹਾਰ ਦੇ ਪੱਤਰ ਲਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਬਾਰੇ ਪੱਤਰ ਲਿਖਣ ਲਈ ਕਿਹਾ ਜਾਵੇਗਾ। 1+3+1= 5 ਅੰਕ

**ਪ੍ਰਸ਼ਨ ਨੰ:5** ਸੰਖੇਪ ਰਚਨਾ ਕਰਨ ਲਈ ਪਾਠ-ਪੁਸਤਕ ਵਿੱਚੋਂ ਇੱਕ ਪੈਰਾ ਦਿੱਤਾ ਜਾਵੇਗਾ।ਲਗ-ਪਗ ਇੱਕ-ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰਨੀ ਹੋਵੇਗੀ।ਇਸ ਦਾ ਸਿਰਲੇਖ ਲਿਖਣਾ ਵੀ ਲਾਜ਼ਮੀ ਹੋਵੇਗਾ।ਸਿਰਲੇਖ ਦਾ ਇੱਕ ਅੰਕ ਅਤੇ ਸੰਖੇਪ ਰਚਨਾ ਦੇ ਦੋ ਅੰਕ ਹੋਣਗੇ। 1+3=4 ਅੰਕ

**ਪ੍ਰਸ਼ਨ ਨੰ:6** ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਵਿੱਚੋ ਦੋ ਪ੍ਰਸ਼ਨ ਦੇ ਕੇ ਕਿਸੇ ਇੱਕ ਨੂੰ ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ ਲਿਖਣ ਲਈ ਕਿਹਾ ਜਾਵੇਗਾ। 1/2*6=3 ਅੰਕ

**ਪ੍ਰਸ਼ਨ ਨੰ:7** ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਵਿੱਚੋ ਛੇ ਵਾਕ ਦੇ ਕੇ ਕੋਈ ਤਿੰਨ ਦਾ ਵਾਕ-ਰੂਪਾਂਤਰਨ/ਵਾਕ-ਵਟਾਂਦਰਾ ਕਰਨ ਲਈ ਕਿਹਾ ਜਾਵੇਗਾ। 1*3= 3 ਅੰਕ

**ਪ੍ਰਸ਼ਨ ਨੰ:8** ਪਾਠ-ਪੁਸਤਕ ਵਿੱਚੋਂ ਕੋਈ ਪੰਜ ਅਖਾਉਤਾਂ ਦੇ ਕੇ ਦੋ ਨੂੰ ਵਾਕਾਂ ਵਿੱਚ ਵਰਤਣ ਜਾਂ ਉਹਨਾਂ ਦੀਆਂ ਵਰਤੋਂ ਦੀਆਂ ਸਥਿਤੀਆਂ ਦੱਸਣ ਲਈ ਕਿਹਾ ਜਾਵੇਗਾ। 2*2= 4 ਅੰਕ

**ਪ੍ਰਸ਼ਨ ਨੰ:9** ਪਾਠ-ਪੁਸਤਕ ਵਿੱਚੋਂ ਤਿੰਨ ਕਵਿਤਾਵਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਸੰਖੇਪ ਵਿੱਚ ਲਿਖਣ ਲਈ ਕਿਹਾ ਜਾਵੇਗਾ। 3 ਅੰਕ

**ਪ੍ਰਸ਼ਨ ਨੰ:10** ਪਾਠ-ਪੁਸਤਕ ਵਿੱਚੋਂ ਦੋ ਕਹਾਣੀਆਂ ਦੇ ਕੇ ਕਿਸੇ ਇੱਕ ਕਹਾਣੀ ਦਾ ਆਪਣੇ ਸ਼ਬਦਾਂ ਵਿੱਚ ਸੰਖੇਪ ਵਿੱਚ ਸਾਰ ਲਿਖਣ ਲਈ ਕਿਹਾ ਜਾਵੇਗਾ। 5 ਅੰਕ

**ਨਿਰਧਾਰਿਤ ਪਾਠ-ਪੁਸਤਕ: ਲਾਜ਼ਮੀ ਪੰਜਾਬੀ-12**
**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**